# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ
## ਐਸ.ਸੀ.ਓ 104-106 ਸੈਕਟਰ 34-ਏ, ਚੰਡੀਗੜ੍ਹ
### ਫੋਨ ਨ: 0172-2623207,2663104 ਈ.ਮੇਲ ssa.punjab@yahoo.co.in

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਵੱਲੋਂ ਵਿਤੀ ਸਹਾਇਤਾ ਦੀ ਕੇਂਦਰੀ ਪ੍ਰਾਯੋਜਿਤ ਸਕੀਮ ਅਧੀਨ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿੱਚ ਨਿਮਨਲਿਖਤ ਖਾਲੀ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਅਸਾਮੀ ਦਾ ਨਾਮ | ਮਾਸਿਕ ਬੱਝਵੀਂ ਤਨਖਾਹ | ਮੁਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ | ਅਸਾਮੀਆਂ ਦੀ ਗਿਣਤੀ |
|---|---|---|---|
| ਪ੍ਰਾਇਮਰੀ ਉਰਦੂ ਟੀਚਰ | 14000/- ਰੁ: | (1) ਉਰਦੂ ਦੇ ਚੋਣਵੇਂ ਵਿਸ਼ੇ ਨਾਲ 10+2 ਅਤੇ ਈ.ਟੀ.ਟੀ./ਮੁਅੱਲਿਮ ਜਾਂ ਯੂ.ਟੀ.ਸੀ. (ਦੋ ਸਾਲਾ ਉਰਦੂ ਟੀਚਿੰਗ ਡਿਪਲੋਮਾ)<br>(2) ਉਰਦੂ ਦੇ ਚੋਣਵੇਂ ਵਿਸ਼ੇ ਨਾਲ ਬੀ.ਏ. ਅਤੇ ਬੀ.ਐਡ (ਉਰਦੂ ਦੇ ਚੋਣਵੇਂ ਵਿਸ਼ੇ ਨਾਲ ਈ.ਟੀ.ਟੀ. ਪਾਸ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ) | 32 |
| ਅਪਰ ਪ੍ਰਾਇਮਰੀ ਉਰਦੂ ਟੀਚਰ | 16500/- | ਉਰਦੂ ਦੇ ਚੋਣਵੇਂ ਵਿਸ਼ੇ ਨਾਲ ਬੀ.ਏ. ਅਤੇ ਬੀ.ਐਡ (ਉਨਾਂ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ ਜਿਨ੍ਹਾਂ ਨੇ ਬੀ.ਐਡ ਵਿੱਚ ਟੀਚਿੰਗ ਆਫ ਉਰਦੂ ਇੱਕ ਵਿਸ਼ੇ ਵਜੋਂ ਪੜ੍ਹਿਆ ਹੋਵੇ ) | 09 |
| ਸੀਨੀਅਰ ਸੈਕੰਡਰੀ ਉਰਦੂ ਟੀਚਰ | 18500/- | ਐਮ.ਏ ਉਰਦੂ ਅਤੇ ਬੀ.ਐਡ (ਉਨਾਂ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ ਜਿਨ੍ਹਾਂ ਨੇ ਬੀ.ਐਡ ਵਿੱਚ ਟੀਚਿੰਗ ਆਫ ਉਰਦੂ ਇੱਕ ਵਿਸ਼ੇ ਵਜੋਂ ਪੜ੍ਹਿਆ ਹੋਵੇ ) | 01 |

- ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 16.7.2010 ਹੈ।
- ਅਸਾਮੀਆਂ ਦੀ ਗਿਣਤੀ ਘਟ ਵਧ ਸਕਦੀ ਹੈ।
- ਸਕੂਲਾਂ ਦੀ ਸੂਚੀ ਅਤੇ ਹੋਰ ਸ਼ਰਤਾਂ ਤੇ ਬਾਨ੍ਹਾਂ ਅਤੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਲਈ ਹੋਰ ਵੇਰਵੇ ਇਸ ਵਿਭਾਗ ਦੀ ਵੈਬਸਾਈਟ www.ssapunjab.org ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।
- ਜਿਨ੍ਹਾਂ ਉਮੀਦਵਾਰਾਂ ਨੇ ਇਸ ਵਿਭਾਗ ਦੇ ਵਿਗਿਆਪਨ ਮਿਤੀ 14.1.10 ਦੇ ਸੰਬੰਧ ਵਿੱਚ ਪਹਿਲਾਂ ਅਪਲਾਈ ਕੀਤਾ ਹੋਇਆ ਹੈ ਉਨ੍ਹਾਂ ਨੂੰ ਵੀ ਨਵੇਂ ਸਿਰੇ ਤੋਂ ਅਪਲਾਈ ਕਰਨਾ ਪਵੇਗਾ ਲੇਕਿਨ ਉਨ੍ਹਾਂ ਨੂੰ ਐਪਲੀਕੇਸ਼ਨ ਫੀਸ ਦੁਬਾਰਾ ਜਮਾਂ ਕਰਵਾਉਣ ਦੀ ਲੋੜ ਨਹੀਂ ਹੈ । ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਦੇ ਸਮੇਂ ਪਹਿਲਾਂ ਜਮ੍ਹਾਂ ਕਰਵਾਈ ਫੀਸ ਦਾ ਵੇਰਵਾ ਦੱਸਣਾ ਪਵੇਗਾ।

1. **ਚੋਣ ਦੀ ਵਿਧੀ** :- ਚੋਣ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗੀ। ਮੈਰਿਟ ਹੇਠ ਲਿਖੇ ਤਰੀਕੇ ਨਾਲ ਤਿਆਰ ਕੀਤੀ ਜਾਵੇਗੀ :-

(ੳ) ਪ੍ਰਾਇਮਰੀ ਉਰਦੂ ਅੀਚਰ

(1) 10+2 ਅਤੇ 2 ਸਾਲ ਡਿਪਲੋਮੇ ਦੀ ਪ੍ਰਤੀਸ਼ਤਤਾ ਜੋੜੀ ਜਾਵੇਗੀ।

(2) ਸੰਬੰਧਤ ਵਿਸ਼ੇ ਵਿੱਚ ਉਚੇਰੀ ਯੋਗਤਾ ਲਈ ਨਿਮਨਲਿਖਤ ਵਿਧੀ ਅਨੁਸਾਰ ਵਾਧੂ ਅੰਕ ਦਿੱਤੇ ਜਾਣਗੇ :- ਵੱਧ ਤੋਂ ਵੱਧ 8 ਅੰਕ

| | | |
|---|---|---|
| i) | ਫਸਟ ਡਵੀਜ਼ਨ | 08 ਅੰਕ |
| ii) | ਸੈਕਿੰਡ ਡਵੀਜ਼ਨ | 06 ਅੰਕ |
| iii) | ਥਰਡ ਡਵੀਜ਼ਨ | 04 ਅੰਕ |

(ਅ) ਅਪਰ ਪ੍ਰਾਇਮਰੀ ਉਰਦੂ ਅੀਚਰ

(1) ਗਰੈਜੁਏਸ਼ਨ ਅਤੇ ਬੀ.ਐਡ ਦੀ ਪ੍ਰਤੀਸ਼ਤਤਾ ਜੋੜੀ ਜਾਵੇਗੀ।

(2) ਸੰਬੰਧਤ ਵਿਸ਼ੇ ਵਿੱਚ ਉਚੇਰੀ ਯੋਗਤਾ ਲਈ ਨਿਮਨਲਿਖਤ ਵਿਧੀ ਅਨੁਸਾਰ ਵਾਧੂ ਅੰਕ ਦਿੱਤੇ ਜਾਣਗੇ :- ਵੱਧ ਤੋਂ ਵੱਧ 8 ਅੰਕ

| | | |
|---|---|---|
| i) | ਫਸਟ ਡਵੀਜ਼ਨ | 08 ਅੰਕ |
| ii) | ਸੈਕਿੰਡ ਡਵੀਜ਼ਨ | 06 ਅੰਕ |
| iii) | ਥਰਡ ਡਵੀਜ਼ਨ | 04 ਅੰਕ |

(ੲ) ਸੀਨੀਅਰ ਸੈਕੰਡਰੀ ਉਰਦੂ ਅੀਚਰ

(1) ਐਮ.ਏ ਅਤੇ ਬੀ.ਐਡ ਦੀ ਪ੍ਰਤੀਸ਼ਤਤਾ ਜੋੜੀ ਜਾਵੇਗੀ।

(2) ਸੰਬੰਧਤ ਵਿਸ਼ੇ ਵਿੱਚ ਉਚੇਰੀ ਯੋਗਤਾ ਲਈ ਨਿਮਨਲਿਖਤ ਵਿਧੀ ਅਨੁਸਾਰ ਵਾਧੂ ਅੰਕ ਦਿੱਤੇ ਜਾਣਗੇ :- ਵੱਧ ਤੋਂ ਵੱਧ 8 ਅੰਕ

| | | |
|---|---|---|
| i) | ਫਸਟ ਡਵੀਜ਼ਨ | 08 ਅੰਕ |
| ii) | ਸੈਕਿੰਡ ਡਵੀਜ਼ਨ | 06 ਅੰਕ |
| iii) | ਥਰਡ ਡਵੀਜ਼ਨ | 04 ਅੰਕ |

2) ਤਜਰਬਾ :- ਤਜਰਬੇ ਦੇ ਹਰ ਇੱਕ ਸਾਲ ਲਈ ਇੱਕ ਅੰਕ ਅਤੇ 6 ਮਹੀਨੇ ਤੋਂ ਵੱਧ ਅਤੇ ਇੱਕ ਸਾਲ ਤੋਂ ਘੱਟ ਤਜਰਬੇ ਲਈ 0.5 ਅੰਕ । ਛੇ ਮਹੀਨੇ ਤੋਂ ਘੱਟ ਤਜਰਬੇ ਲਈ ਕੋਈ ਅੰਕ ਨਹੀਂ ਦਿੱਤਾ ਜਾਵੇਗਾ। ਸਿਰਫ ਸਰਕਾਰੀ ਸਕੂਲ ਜਾਂ ਸਰਕਾਰੀ ਏਡਿਡ ਸਕੂਲ ਵਿੱਚ ਪ੍ਰਾਪਤ ਕੀਤਾ ਤਜਰਬਾ ਗਿਣਿਆ ਜਾਵੇਗਾ। ਤਜਰਬਾ ਸਰਟੀਫਿਕੇਟ ਸਮਰੱਥ ਅਧਿਕਾਰੀ/ਸੰਬੰਧਤ ਜ਼ਿਲਾ ਸਿੱਖਿਆ ਅਫਸਰ ਤੋਂ ਕਾਊਂਟਰਸਾਈਨ ਹੋਣਾ ਚਾਹੀਦਾ ਹੈ। ਅਪਰ ਪ੍ਰਾਇਮਰੀ ਟੀਚਰ ਦੀ ਅਸਾਮੀ ਲਈ ਤਜਰਬਾ ਬੀ.ਐਡ ਕਰਨ ਤੋਂ ਬਾਅਦ ਦਾ ਚਾਹੀਦਾ ਹੈ ਅਤੇ ਪ੍ਰਾਇਮਰੀ ਟੀਚਰ ਲਈ ਦੋ ਸਾਲਾ ਟੀਚਰ ਟ੍ਰੇਨਿੰਗ ਕੋਰਸ ਪਾਸ ਕਰਨ ਤੋਂ ਬਾਅਦ ਦਾ ਚਾਹੀਦਾ ਹੈ।

## ਸ਼ਰਤਾਂ ਅਤੇ ਬਾਨ੍ਹਾਂ:-

ਸਾਰੀਆਂ ਅਸਾਮੀਆਂ ਮੁਢਲੇ ਤੌਰ ਇੱਕ ਸਾਲ ਕੰਟਰੈਕਟ ਬੇਸਿਜ਼ ਤੇ ਭਰੀਆਂ ਜਾਣੀਆਂ ਹਨ। ਕਾਰ-ਗੁਜ਼ਾਰੀ ਅਤੇ ਪ੍ਰਾਪਤੀਆਂ ਦੇ ਆਧਾਰ ਤੇ ਕੰਟਰੈਕਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ ।

(i) ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਤੱਕ ਪੰਜਾਬੀ ਦਾ ਗਿਆਨ ਹੋਣਾ ਲਾਜ਼ਮੀ ਹੈ।

(ii) ਵਿੱਦਿਅਕ ਯੋਗਤਾ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ/ ਸੰਸਥਾ ਤੋਂ ਹਾਸਲ ਕੀਤੀ ਹੋਣੀ ਚਾਹੀਦੀ ਹੈ ।

(iii) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਔਰਤਾਂ ਲਈ 50% ਰਾਖਵਾਂਕਰਨ ਹੋਵੇਗਾ ।

(iv) ਉਮੀਦਵਾਰ ਦੀ ਉਮਰ ਮਿਤੀ 01.06.2010 ( **1ਜੂਨ 2010**) ਨੂੰ **18 ਤੋਂ 42** ਸਾਲ ਦੇ ਦਰਮਿਆਨ ਹੋਣੀ ਚਾਹੀਦੀ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਉਮਰ ਸੀਮਾ ਵਿੱਚ ਢਿੱਲ ਦਿੱਤੀ ਜਾਵੇਗੀ।

(v) ਉਮੀਦਵਾਰ ਪੰਜਾਬ/ ਯੂ.ਟੀ ਚੰਡੀਗੜ੍ਹ ਦਾ ਪੱਕਾ ਵਸਨੀਕ ਹੋਵੇ।

(vi) ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਪਾਲਸੀ ਗਾਈਡਲਾਈਨਜ਼ ਅਨੁਸਾਰ ਰਿਜ਼ਰਵੇਸ਼ਨ ਦਿੱਤੀ ਜਾਵੇਗੀ। ਰਾਖਵੇਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੈ।

(vii) **ਪੋਸਟਿੰਗ ਸੰਬੰਧੀ ਜ਼ਿਲੇ ਬਾਰੇ ਸਪਸ਼ਟ ਤੌਰ ਤੇ ਆਪਣੀ ਤਰਜੀਹ ਦਰਸਾਈ ਜਾਵੇ**, ਇੱਕ ਵਾਰ ਅਲਾਟ ਕੀਤਾ ਗਿਆ ਜ਼ਿਲਾ ਬਦਲਿਆ ਨਹੀਂ ਜਾਵੇਗਾ।

(vi) ਦਰਸਾਈ ਤਰਜੀਹ ਅਨੁਸਾਰ ਜ਼ਿਲੇ ਦੀ ਅਲਾਟਮੈਂਟ ਅਸਾਮੀ ਦੀ ਉਪਲੱਭਤਾ ਤੇ ਨਿਰਭਰ ਕਰੇਗੀ।

(vii) ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਨੂੰ ਇਹ ਹੱਕ ਹੋਵੇਗਾ ਕਿ ਕਿਸੇ ਵੀ ਉਮੀਦਵਾਰ ਨੂੰ ਪੰਜਾਬ ਰਾਜ ਵਿੱਚ ਕੋਈ ਵੀ ਸਟੇਸ਼ਨ ਅਲਾਟ ਕਰ ਦੇਵੇ ਇਸ ਸੰਬੰਧ ਵਿੱਚ ਉਮੀਦਵਾਰ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।

(viii) ਇਨ੍ਹਾਂ ਅਸਾਮੀਆਂ ਲਈ ਅਰਜ਼ੀਆਂ ਦੇਣ ਵਾਲੇ ਉਮੀਦਵਾਰ ਇਹ ਯਕੀਨੀ ਬਣਾ ਲੈਣ ਕਿ ਨਿਰਧਾਰਤ ਸ਼ਰਤਾਂ ਪੂਰੀਆਂ

ਕਰਦੇ ਹਨ। ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਜੇਕਰ ਪੜਤਾਲ ਕਰਨ ਤੇ ਇਹ ਪਾਇਆ ਗਿਆ ਕਿ ਕੋਈ ਉਮੀਦਵਾਰ ਨਿਰਧਾਰਤ ਯੋਗਤਾਵਾਂ ਪੂਰੀਆਂ ਨਹੀਂ ਸੀ ਕਰਦਾ ਜਾਂ ਉਸ ਵੱਲੋਂ ਦਿੱਤੀ ਜਾਣਕਾਰੀ ਝੂਠੀ ਜਾਂ ਗਲਤ ਪਾਈ ਗਈ ਤਾਂ ਉਸਦੀ ਉਮੀਦਵਾਰੀ ਕੈਂਸਲ ਕਰ ਦਿੱਤੀ ਜਾਵੇਗੀ।

ix) ਇਸ ਤਰਾਂ ਭਰਤੀ ਕੀਤੇ ਗਏ ਅਧਿਆਪਕ 3 ਮਹੀਨੇ ਦਾ ਨੋਟਿਸ ਦੇਕੇ ਵਿਭਾਗ/ ਰਾਸ਼ਟ੍ਰੀਯ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਿੱਚ ਆਪਣੀ ਨੌਕਰੀ ਤੋਂ ਅਸਤੀਫਾ ਦੇ ਸਕਦੇ ਹਨ। ਤੁਰੰਤ ਅਸਤੀਫਾ ਦੇਣ ਦੀ ਸੂਰਤ ਵਿੱਚ ਉਸ ਨੂੰ ਮਹੀਨੇ ਦੀ ਐਡਵਾਂਸ ਤਨਖਾਹ ਜਮਾਂ ਕਰਵਾਉਣੀ ਪਵੇਗੀ।

x) ਚੁਣੇ ਜਾਣ ਦੀ ਸੂਰਤ ਵਿੱਚ ਉਮੀਦਵਾਰ ਕਿਸੇ ਪੈਨਸ਼ਨ ਜਾਂ ਕੰਟਰੀਬਿਊਟਰੀ ਪੈਨਸ਼ਨ ਦੇ ਹੱਕਦਾਰ ਨਹੀਂ ਹੋਣਗੇ।

(xi) ਇੱਕ ਤੋਂ ਵੱਧ ਅਸਾਮੀ/ਕੈਟੇਗਰੀ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਇਨ੍ਹਾਂ ਲਈ ਨਿਰਧਾਰਤ ਫੀਸ ਨਾਲ ਵੱਖਰੀਆਂ ਵੱਖਰੀਆਂ ਅਰਜ਼ੀਆਂ ਭੇਜਣੀਆਂ ਪੈਣਗੀਆਂ।

4) **ਹਦਾਇਤਾਂ**

1. ਉਮੀਦਵਾਰਾਂ ਨੂੰ ਆਪਣਾ ਵਿੱਦਿਆ ਪ੍ਰਾਪਤੀ ਦਾ ਸਾਧਨ ਦੱਸਣਾ ਪਵੇਗਾ ਅਰਥਾਤ ਰੈਗੁਲਰ/ਡਾਕ ਰਾਹੀਂ ਜਾਂ ਪ੍ਰਾਈਵੇਟ ਤੋਰ ਤੇ।
2. ਬਿਨੈ-ਪੱਤਰ ਦੇ ਨਾਲ 250/- ਰੁ: ਦਾ ( ਅਨੁਸੂਚਿਤ ਜਾਤੀਆਂ ਦੇ ਕੇਸ ਵਿੱਚ 125/- ਰੁ: ਦਾ ) ਬੈਂਕ ਡਰਾਫਟ ਭੇਜਿਆ ਜਾਵੇ ਜੋਕਿ ' ਸਟੇਟ ਪ੍ਰਾਜੈਕਟ ਡਾਇਰੈਕਟਰ ਰਾਸ਼ਟਰੀਆ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਹੱਕ ਵਿੱਚ ਹੋਵੇ ਅਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।'
3. ਬਿਨੈਕਾਰ ਨੂੰ ਕਾਊਂਸਲਿੰਗ ਦੇ ਸਮੇਂ ਵੈਰੀਫਿਕੇਸ਼ਨ ਲਈ ਨਿਮਨਲਿਖਤ ਮੂਲ ਦਸਤਾਵੇਜ਼ ਪੇਸ਼ ਕਰਨੇ ਪੈਣਗੇ :-(ੳ) ਜਨਮ ਮਿਤੀ ਦਾ ਸਬੂਤ, (ਅ) ਵਿੱਦਿਅਕ ਯੋਗਤਾ ਦਾ ਸਬੂਤ, (ੲ) ਕਿੱਤਾ ਯੋਗਤਾ ਦਾ ਸਬੂਤ (ਸ) ਅੰਕਾਂ ਦੇ ਵੇਰਵੇ ਦਾ ਸਬੂਤ (ਹ) ਤਜਰਬੇ ਸੰਬੰਧੀ ਸਬੂਤ (ਕ) ਮੈਟ੍ਰਿਕ ਪੰਜਾਬੀ ਦਾ ਸਬੂਤ (ਖ) ਨਿਵਾਸ ਸੰਬੰਧੀ ਤਾਜ਼ਾ ਸਬੂਤ (ਗ) ਉਮੀਦਵਾਰ ਜਿਸ ਕੈਟੇਗਰੀ ਨਾਲ ਸੰਬੰਧ ਰੱਖਦਾ ਹੈ ਉਸਦਾ ਸਬੂਤ (ਪੰਜਾਬ ਸਰਕਾਰ ਦੀ ਰਿਜ਼ਰਵੇਸ਼ਨ ਪਾਲਸੀ ਅਨੁਸਾਰ) (ਘ) ਦੋ ਪਾਸਪੋਰਟ ਸਾਈਜ਼ ਫੋਟੋਆਂ (ਙ) ਦਰਖਾਸਤ ਫੀਸ ਜਮਾਂ ਕਰਵਾਉਣ ਦੇ ਸਬੂਤ ਵਜੋਂ ਬੈਂਕ ਵੱਲੋਂ ਜਾਰੀ ਕੀਤੀ ਰਸੀਦ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ 104-106 ਸੈਕਟਰ 34 ਸੀ, ਚੰਡੀਗੜ੍ਹ**